Australian Government

COVID-19 VACCINATION

# ਸਪਾਈਕਵੈਕਸ (ਮੌਡਰਨਾ) COVID-19 ਵੈਕਸੀਨ ਬਾਰੇ ਜਾਣਕਾਰੀ

ਆਖਰੀ ਵਾਰ ਅੱਪਡੇਟ ਕੀਤਾ ਗਿਆ: 15 ਸਤੰਬਰ 2021

## ਵੈਕਸੀਨ ਬਾਰੇ

**ਮੌਡਰਨਾ** ਇਕ ਵੈਕਸੀਨ ਹੈ ਜੋ ਲੋਕਾਂ ਨੂੰ COVID-19 ਤੋਂ ਬਿਮਾਰ ਹੋਣ ਤੋਂ ਰੋਕ ਸਕਦੀ ਹੈ। ਆਮ ਤੌਰ 'ਤੇ 4-6 ਹਫਤਿਆਂ ਦੇ ਫਰਕ ਨਾਲ ਦੋ ਖੁਰਾਕਾਂ ਦੀ ਲੋੜ ਹੁੰਦੀ ਹੈ (ਵਿਸ਼ੇਸ਼ ਹਾਲਾਤਾਂ ਵਿੱਚ ਅੰਤਰਾਲ ਵਧੇਰੇ ਹੋ ਸਕਦਾ ਹੈ)। ਮੌਡਰਨਾ COVID-19 ਵੈਕਸੀਨ ਵਿੱਚ ਕੋਈ ਜਿਉਂਦਾ ਵਾਇਰਸ ਨਹੀਂ ਹੁੰਦਾ, ਅਤੇ ਇਹ ਤੁਹਾਨੂੰ COVID-19 ਬਿਮਾਰੀ ਨਹੀਂ ਲਗਾ ਸਕਦੀ। ਇਸ ਵਿੱਚ SARS-CoV-2 ਵਾਇਰਸ ਦੇ ਇਕ ਮਹੱਤਵਪੂਰਣ ਹਿੱਸੇ ਲਈ ਅਣੂੰਵਾਂਸ਼ਿਕ ਕੋਡ ਹੁੰਦਾ ਹੈ, ਜਿਸ ਨੂੰ ਸਪਾਈਕ ਪ੍ਰੋਟੀਨ ਕਿਹਾ ਜਾਂਦਾ ਹੈ। ਵੈਕਸੀਨ ਲਗਵਾਉਣ ਤੋਂ ਬਾਅਦ, ਤੁਹਾਡਾ ਸਰੀਰ ਸਪਾਈਕ ਪ੍ਰੋਟੀਨ ਦੀਆਂ ਨਕਲਾਂ ਬਣਾਉਂਦਾ ਹੈ। ਇਸ ਤੋਂ ਬਾਅਦ ਤੁਹਾਡੀ ਪ੍ਰਤੀਰੋਧਤਾ ਪ੍ਰਣਾਲੀ SARS-CoV-2 ਵਾਇਰਸ ਨੂੰ ਪਛਾਣਨਾ ਅਤੇ ਇਸ ਨਾਲ ਲੜਨਾ ਸਿੱਖੇਗੀ, ਜਿਸ ਦੇ ਕਾਰਨ COVID-19 ਹੁੰਦਾ ਹੈ। ਅਣੂੰਵਾਂਸ਼ਿਕ ਕੋਡ ਨੂੰ ਸਰੀਰ ਦੁਆਰਾ ਤੇਜ਼ੀ ਨਾਲ ਤੋੜ ਦਿੱਤਾ ਜਾਂਦਾ ਹੈ।

COVID-19 ਨੂੰ ਰੋਕਣ ਲਈ, ਹਰ ਕੋਈ ਜੋ COVID-19 ਵੈਕਸੀਨ ਵਾਸਤੇ ਯੋਗ ਹੈ, ਨੂੰ ਇਸ ਜਾਣਕਾਰੀ ਸ਼ੀਟ ਵਿੱਚ ਨਿਰਧਾਰਤ ਕੁਝ ਛੋਟਾਂ ਦੇ ਨਾਲ ਟੀਕੇ ਲਗਾਏ ਜਾਣੇ ਚਾਹੀਦੇ ਹਨ। ਟੀਕਾਕਰਨ ਸਵੈ-ਇੱਛਾ ਨਾਲ ਹੈ। ਵੈਕਸੀਨ ਲਗਵਾਉਣ ਤੋਂ ਪਹਿਲਾਂ ਤੁਸੀਂ COVID-19 ਟੀਕਾਕਰਨ ਬਾਰੇ ਆਪਣੇ ਟੀਕਾਕਰਨ ਪ੍ਰਦਾਨ ਕਰਨ ਵਾਲੇ ਨਾਲ ਅਤੇ/ਜਾਂ ਆਪਣੇ ਡਾਕਟਰ ਨਾਲ ਆਪਣੇ ਕਿਸੇ ਵੀ ਸ਼ੰਕਿਆਂ ਜਾਂ ਸਵਾਲਾਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹੋ।

## ਵੈਕਸੀਨ ਦੇ ਲਾਭ

ਬਹੁਤ ਵੱਡੀਆਂ ਕਲੀਨਿਕੀ ਪਰਖਾਂ ਨੇ ਦਿਖਾਇਆ ਹੈ ਕਿ ਮੌਡਰਨਾ ≥12 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਿੱਚ COVID-19 ਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਹੈ। ਜਿਨ੍ਹਾਂ ਬਾਲਗਾਂ ਨੂੰ ਮੌਡਰਨਾ ਦੀਆਂ ਦੋ ਖੁਰਾਕਾਂ ਮਿਲੀਆਂ ਸਨ, ਉਹਨਾਂ ਵਿੱਚ COVID-19 ਤੋਂ ਬਿਮਾਰ ਹੋਣ ਦੀ ਸੰਭਾਵਨਾ ਉਹਨਾਂ ਲੋਕਾਂ ਨਾਲੋਂ ਲਗਭਗ 94 ਪ੍ਰਤੀਸ਼ਤ ਘੱਟ ਸੀ, ਜਿੰਨ੍ਹਾਂ ਨੂੰ ਵੈਕਸੀਨ ਨਹੀਂ ਮਿਲੀ ਸੀ। ਇਹ ਵੈਕਸੀਨ 65 ਸਾਲ (86%) ਤੋਂ ਵੱਧ ਉਮਰ ਦੇ ਲੋਕਾਂ ਅਤੇ 12-17 ਸਾਲ ਦੀ ਉਮਰ ਦੇ ਕਿਸ਼ੋਰਾਂ ਵਿੱਚ ਵੀ ਪ੍ਰਭਾਵਸ਼ਾਲੀ ਸੀ।

COVID-19 ਤੋਂ ਸੁਰੱਖਿਆ ਪਹਿਲੀ ਖੁਰਾਕ ਤੋਂ ਲਗਭਗ ਦੋ ਹਫਤਿਆਂ ਬਾਅਦ ਸ਼ੁਰੂ ਹੁੰਦੀ ਹੈ। ਹਾਲਾਂਕਿ ਇਕ ਖੁਰਾਕ ਕੁਝ ਸੁਰੱਖਿਆ ਦੇ ਸਕਦੀ ਹੈ, ਪਰ ਇਹ ਕੇਵਲ ਥੋੜ੍ਹੀ-ਮਿਆਦ ਤੱਕ ਹੀ ਚੱਲ ਸਕਦੀ ਹੈ। ਦੋ ਖੁਰਾਕਾਂ ਸਭ ਤੋਂ ਵਧੀਆ ਸੁਰੱਖਿਆ ਦੇਣਗੀਆਂ। ਕੋਈ ਵੀ ਵੈਕਸੀਨ 100 ਪ੍ਰਤੀਸ਼ਤ ਪ੍ਰਭਾਵਸ਼ਾਲੀ ਨਹੀਂ ਹੈ, ਇਸ ਲਈ ਇਹ ਸੰਭਵ ਹੈ ਕਿ ਤੁਸੀਂ ਟੀਕਾਕਰਨ ਤੋਂ ਬਾਅਦ ਅਜੇ ਵੀ COVID-19 ਤੋਂ ਲਾਗ ਗ੍ਰਸਤ ਅਤੇ ਬਿਮਾਰ ਹੋ ਸਕਦੇ ਹੋ। ਅਸੀਂ ਨਹੀਂ ਜਾਣਦੇ ਕਿ ਮੌਡਰਨਾ ਤੋਂ ਸੁਰੱਖਿਆ ਕਿੰਨਾ ਸਮਾਂ ਚੱਲੇਗੀ। ਅਸੀਂ ਸਮੇਂ ਦੇ ਨਾਲ ਇਸ ਬਾਰੇ ਹੋਰ ਜਾਣਾਂਗੇ। ਅਸੀਂ ਇਸ ਸਮੇਂ ਇਹ ਨਹੀਂ ਜਾਣਦੇ ਕਿ ਵਾਇਰਸ ਦੇ ਫੈਲਣ ਨੂੰ ਰੋਕਣ ਵਿੱਚ COVID-19 ਟੀਕੇ ਕਿੰਨੇ ਪ੍ਰਭਾਵਸ਼ਾਲੀ ਹਨ। ਇਸ ਦਾ ਮਤਲਬ ਇਹ ਹੈ ਕਿ ਟੀਕੇ ਲਗਾਏ ਗਏ ਲੋਕ ਵੀ ਵਾਇਰਸ ਨਾਲ ਪ੍ਰਭਾਵਿਤ

ਹੋ ਸਕਦੇ ਹਨ, ਜੋ COVID-19 ਦਾ ਕਾਰਨ ਬਣਦਾ ਹੈ ਅਤੇ ਭਾਂਵੇਂ ਉਹਨਾਂ ਵਿੱਚ ਕੋਈ ਲੱਛਣ ਜਾਂ ਕੇਵਲ ਹਲਕੇ ਲੱਛਣ ਨਾ ਹੋਣ, ਉਹ ਅਜੇ ਵੀ ਇਸ ਨੂੰ ਦੂਜਿਆਂ ਲੋਕਾਂ ਤੱਕ ਪਹੁੰਚਾ ਸਕਦੇ ਹਨ।

ਇਹੀ ਕਾਰਨ ਹੈ ਕਿ ਹੋਰ ਰੋਕਥਾਮ ਕਰਨ ਵਾਲੇ ਉਪਾਵਾਂ ਨੂੰ ਜਾਰੀ ਰੱਖਣਾ ਮਹੱਤਵਪੂਰਣ ਹੈ ਜਿਵੇਂ ਕਿ:

- ਸਰੀਰਕ ਦੂਰੀ
- ਹੱਥ ਧੋਣਾ
- ਚਿਹਰੇ ਵਾਲਾ ਮਾਸਕ ਪਹਿਨਣਾ
- COVID-19 ਟੈਸਟ ਕਰਵਾਉਣਾ ਅਤੇ ਕੁਆਰੰਟੀਨ/ਵੱਖਰੇ ਰਹਿਣਾ ਜਿਵੇਂ ਕਿ ਤੁਹਾਡੇ ਰਾਜ/ਕੇਂਦਰੀ ਪ੍ਰਦੇਸ਼ ਦੁਆਰਾ ਲੋੜੀਂਦਾ ਹੈ।

ਜੇ ਤੁਹਾਨੂੰ ਮੌਡਰਨਾ ਦੀਆਂ ਦੋ ਖੁਰਾਕਾਂ ਦੇ ਟੀਕੇ ਲਗਾਏ ਗਏ ਹਨ, ਤਾਂ ਤੁਹਾਨੂੰ ਅਜੇ ਵੀ COVID-19 ਟੈਸਟ ਕਰਵਾਉਣਾ ਚਾਹੀਦਾ ਹੈ, ਜੇ ਤੁਹਾਡੇ ਵਿੱਚ ਅਜਿਹੇ ਲੱਛਣ ਹਨ ਜੋ ਤੁਹਾਡੀ ਸਥਾਨਕ ਸਿਹਤ ਅਧਿਕਾਰੀਆਂ ਅਨੁਸਾਰ ਟੈਸਟ ਕਰਵਾਉਣ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ (ਜਿਵੇਂ ਕਿ ਬੁਖਾਰ, ਖੰਘ, ਗਲੇ ਵਿੱਚ ਦਰਦ)।

## ਇਹ ਵੈਕਸੀਨ ਕੌਣ ਪ੍ਰਾਪਤ ਕਰ ਸਕਦਾ ਹੈ

ਚਿਕਿਤਸਕ ਵਸਤੂਆਂ ਦੇ ਪ੍ਰਸ਼ਾਸਨ (TGA) ਨੇ ≥ 12 ਸਾਲ ਦੀ ਉਮਰ ਦੇ ਲੋਕਾਂ ਵਿੱਚ ਸਪਾਈਕਵੈਕਸ (ਮੌਡਰਨਾ) ਦੀ ਵਰਤੋਂ ਲਈ ਆਰਜ਼ੀ ਮਨਜ਼ੂਰੀ ਦੇ ਦਿੱਤੀ ਹੈ।

## ਇਹ ਵੈਕਸੀਨ ਕਿਸ ਨੂੰ ਨਹੀਂ ਲਗਵਾਉਣੀ ਚਾਹੀਦੀ

ਤੁਹਾਨੂੰ ਇਹ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ ਜੇ ਤੁਹਾਨੂੰ ਇਹ ਸੀ:

- mRNA COVID-19 ਵੈਕਸੀਨ (ਜਿਵੇਂ ਕਿ ਮੌਡਰਨਾ ਜਾਂ ਕੋਮੀਰਨਾਟੀ (ਫਾਈਜ਼ਰ)) ਦੀ ਪਿਛਲੀ ਖੁਰਾਕ ਤੋਂ ਬਾਅਦ ਐਨਾਫਾਈਲੈਕਸਿਸ (ਇਕ ਕਿਸਮ ਦੀ ਗੰਭੀਰ ਐਲਰਜੀ ਵਾਲੀ ਪ੍ਰਤੀਕਿਰਿਆ)
- ਵੈਕਸੀਨ ਦੇ ਕਿਸੇ ਵੀ ਹਿੱਸੇ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਐਨਾਫਾਈਲੈਕਸਿਸ, ਜਿਸ ਵਿੱਚ ਪੋਲੀਥਾਈਲੀਨ ਗਲਾਈਕੋਲ (PEG) ਵੀ ਸ਼ਾਮਲ ਹੈ
- ਮਾਇਓਕਾਰਡਿਟਿਸ ਅਤੇ/ਜਾਂ ਪੈਰੀਕਾਰਡਿਟਿਸ ਦਾ ਕਾਰਨ mRNA COVID-19 ਵੈਕਸੀਨ ਦੀ ਪਿਛਲੀ ਖੁਰਾਕ (ਜਿਵੇਂ ਕਿ ਮੌਡਰਨਾ ਜਾਂ ਫਾਈਜ਼ਰ) ਹੈ
- ਕੋਈ ਹੋਰ ਗੰਭੀਰ ਮਾੜੀ ਘਟਨਾ, ਜੋ ਕਿਸੇ ਤਜਰਬੇਕਾਰ ਟੀਕਾਕਰਨ ਪ੍ਰਦਾਨ ਕਰਨ ਵਾਲੇ ਜਾਂ ਡਾਕਟਰੀ ਮਾਹਰ ਦੁਆਰਾ ਸਮੀਖਿਆ ਤੋਂ ਬਾਅਦ mRNA COVID-19 ਵੈਕਸੀਨ (ਜਿਵੇਂ ਕਿ ਮੌਡਰਨਾ ਜਾਂ ਫਾਈਜ਼ਰ) ਦੀ ਪਿਛਲੀ ਖੁਰਾਕ ਲਈ ਕੀਤੀ ਗਈ ਸੀ, ਅਤੇ ਕਿਸੇ ਹੋਰ ਕਾਰਨ ਦੀ ਪਛਾਣ ਕੀਤੇ ਬਿਨਾਂ।

## ਟੀਕਾਕਰਨ ਲਈ ਸਾਵਧਾਨੀਆਂ

ਕੁਝ ਵਿਸ਼ੇਸ਼ ਹਾਲਾਤਾਂ ਵਾਲੇ ਲੋਕਾਂ ਨੂੰ ਵਾਧੂ ਸਾਵਧਾਨੀਆਂ ਦੀ ਲੋੜ ਪੈ ਸਕਦੀ ਹੈ, ਜਿਵੇਂ ਕਿ ਆਪਣੀ ਵੈਕਸੀਨ ਲੈਣ ਤੋਂ ਬਾਅਦ 30 ਮਿੰਟਾਂ ਲਈ ਦੇਖ-ਰੇਖ ਲਈ ਰੁਕੇ ਰਹਿਣਾ, ਜਾਂ ਅਲਰਜੀ ਮਾਹਰ ਨਾਲ ਸਲਾਹ-ਮਸ਼ਵਰਾ ਕਰਨਾ। ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਸੀ ਤਾਂ ਆਪਣੇ ਟੀਕਾਕਰਨ ਪ੍ਰਦਾਨ ਕਰਨ ਵਾਲੇ ਨੂੰ ਦੱਸੋ:

- ਕਿਸੇ mRNA COVID-19 ਵੈਕਸੀਨ (ਜਿਵੇਂ ਕਿ ਮੌਡਰਨਾ ਜਾਂ ਫਾਈਜ਼ਰ) ਦੇ ਅੰਸ਼ ਜਾਂ **ਪਿਛਲੀ ਖੁਰਾਕ ਪ੍ਰਤੀ ਐਲਰਜੀ ਵਾਲੀ ਪ੍ਰਤੀਕਿਰਿਆ**

- **ਹੋਰ ਟੀਕਿਆਂ ਜਾਂ ਹੋਰ ਦਵਾਈਆਂ ਪ੍ਰਤੀ ਐਨਾਫਾਈਲੈਕਸਿਸ।** ਤੁਹਾਡਾ ਪ੍ਰਦਾਨ ਕਰਨ ਵਾਲਾ ਇਹ ਯਕੀਨੀ ਬਨਾਉਣ ਲਈ ਜਾਂਚ ਕਰ ਸਕਦਾ ਹੈ, ਕਿ ਤੁਹਾਡੇ ਵੱਲੋਂ ਲਗਵਾਈ ਜਾ ਰਹੀ COVID-19 ਵੈਕਸੀਨ ਵਿੱਚ ਕੋਈ ਮਿਲਦੀ ਜੁਲਦੀ ਸਮੱਗਰੀ ਤਾਂ ਨਹੀਂ ਹੈ
- ਵਾਰ-ਵਾਰ ਐਨਾਫਾਈਲੈਕਸਿਸ ਦੇ ਨਾਲ ਪੁਸ਼ਟੀ ਕੀਤੀ ਮੈਸਟੋਸਾਈਟੋਸਿਸ, ਜਿਸ ਵਾਸਤੇ ਇਲਾਜ ਦੀ ਲੋੜ ਪੈਂਦੀ ਹੈ

ਜੇ **ਤੁਹਾਨੂੰ ਖ਼ੂਨ ਦੇ ਵਗਣ ਵਾਲੀ ਬਿਮਾਰੀ ਹੈ** ਜਾਂ ਤੁਸੀਂ **ਖ਼ੂਨ ਪਤਲਾ ਕਰਨ ਵਾਲੀ ਦਵਾਈ** (ਐਂਟੀਕੋਗੁਲੈਂਟ) ਲੈ ਰਹੇ ਹੋ, ਤਾਂ ਆਪਣੇ ਟੀਕਾਕਰਨ ਪ੍ਰਦਾਨ ਕਰਨ ਵਾਲੇ ਨੂੰ ਦੱਸੋ। ਤੁਹਾਡਾ ਟੀਕਾਕਰਨ ਪ੍ਰਦਾਨ ਕਰਨ ਵਾਲਾ ਇਹ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦਾ ਹੈ, ਕਿ ਕੀ ਤੁਹਾਡੇ ਵਾਸਤੇ ਮਾਸਪੇਸ਼ੀ ਵਿੱਚ ਟੀਕਾ ਲਗਾਉਣਾ ਸੁਰੱਖਿਅਤ ਹੈ, ਅਤੇ ਟੀਕੇ ਵਾਸਤੇ ਸਭ ਤੋਂ ਵਧੀਆ ਸਮਾਂ ਤੈਅ ਕਰਨ ਵਿੱਚ ਮਦਦ ਕਰ ਸਕਦਾ ਹੈ।

## ਟੀਕਾਕਰਨ ਤੋਂ ਪਹਿਲਾਂ ਵਿਚਾਰ-ਵਟਾਂਦਰਾ ਕਰਨ ਵਾਲੇ ਵਿਸ਼ੇਸ਼ ਹਾਲਾਤ

### ਲੋਕ ਜਿੰਨ੍ਹਾਂ ਨੂੰ ਮੌਡਰਨਾ ਲਈ ਸਾਵਧਾਨੀ ਵਰਤਣ ਵਾਲੀਆਂ ਸਮੱਸਿਆਵਾਂ ਹਨ

ਹੇਠ ਲਿਖੀਆਂ ਸਮੱਸਿਆਵਾਂ ਵਿੱਚੋਂ ਕਿਸੇ ਦੇ ਇਤਿਹਾਸ ਵਾਲੇ ਲੋਕ ਮੌਡਰਨਾ ਲਗਵਾ ਸਕਦੇ ਹਨ, ਪਰ ਟੀਕਾਕਰਨ ਦੇ ਸਭ ਤੋਂ ਵਧੀਆ ਸਮੇਂ ਬਾਰੇ ਇਕ ਡਾਕਟਰ, ਟੀਕਾਕਰਨ ਦੇ ਮਾਹਰ ਜਾਂ ਦਿਲ ਦੇ ਰੋਗਾਂ ਦੇ ਮਾਹਰ ਤੋਂ ਸਲਾਹ ਮੰਗੀ ਜਾਣੀ ਚਾਹੀਦੀ ਹੈ, ਅਤੇ ਕੀ ਕਿਸੇ ਵਾਧੂ ਸਾਵਧਾਨੀਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਹਾਲ ਵਿੱਚ ਹੀ (ਜਿਵੇਂ ਕਿ ਪਿਛਲੇ 6 ਮਹੀਨਿਆਂ ਦੇ ਅੰਦਰ) ਜਾਂ ਵਰਤਮਾਨ ਸਮੇਂ ਵਿੱਚ ਸੋਜਸ਼ ਵਾਲੀ ਦਿਲ ਦੀ ਬਿਮਾਰੀ ਜਿਵੇਂ ਕਿ, ਮਾਇਓਕਾਰਡਿਟਿਸ, ਪੈਰੀਕਾਰਡਿਟਿਸ, ਐਂਡੋਕਾਰਡਿਟਿਸ
- ਤੀਬਰ ਰਿਉਮੈਟਿਕ ਬੁਖਾਰ (ਜਿਵੇਂ ਕਿ, ਕਿਰਿਆਸ਼ੀਲ ਮਾਇਓਕਾਰਡੀਅਲ ਸੋਜਸ਼ ਦੇ ਨਾਲ) ਜਾਂ ਤੀਬਰ ਰਿਉਮੈਟਿਕ ਦਿਲ ਦੀ ਬਿਮਾਰੀ
- ਦਿਲ ਫੇਲ੍ਹ ਹੋਣ ਦੇ ਲੱਛਣਾਂ ਦੀ ਤੀਬਰਤਾ

### ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕ (ਇਮਿਊਨੋਕੰਪਰੋਮਾਈਜ਼)

ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਉਹ ਲੋਕ ਸ਼ਾਮਲ ਹਨ, ਜਿੰਨ੍ਹਾਂ ਨੂੰ ਡਾਕਟਰੀ ਸਮੱਸਿਆ ਹੈ ਜੋ ਉਹਨਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਕਮਜ਼ੋਰ ਕਰਦੀ ਹੈ। ਇਸ ਵਿੱਚ ਉਹ ਵੀ ਸ਼ਾਮਲ ਹਨ, ਜੋ ਅਜਿਹੀਆਂ ਦਵਾਈਆਂ ਲੈ ਰਹੇ ਹੋ ਸਕਦੇ ਹਨ, ਜੋ ਉਹਨਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਦਬਾਅ ਦਿੰਦੀਆਂ ਹਨ।

ਆਸਟ੍ਰੇਲੀਆ ਦੀ ਸਰਕਾਰ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਨੂੰ COVID-19 ਟੀਕਾਕਰਨ ਲਗਵਾਉਣ ਦੀ ਜ਼ੋਰਦਾਰ ਸਿਫਾਰਸ਼ ਕਰਦੀ ਹੈ। ਮੌਡਰਨਾ ਕੋਈ ਜਿਊਂਦਾ ਵੈਕਸੀਨ ਨਹੀਂ ਹੈ। ਇਹ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਸੁਰੱਖਿਅਤ ਹੈ।

ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਵਾਲੇ ਲੋਕਾਂ, ਜਿੰਨ੍ਹਾਂ ਵਿੱਚ HIV ਨਾਲ ਰਹਿਣ ਵਾਲੇ ਲੋਕ ਵੀ ਸ਼ਾਮਲ ਹਨ, ਨੂੰ COVID-19 ਤੋਂ ਗੰਭੀਰ ਬਿਮਾਰ ਹੋਣ ਦਾ ਵਧੇਰੇ ਖਤਰਾ ਹੁੰਦਾ ਹੈ, ਜਿਸ ਵਿੱਚ ਮੌਤ ਦਾ ਵਧੇਰੇ ਖਤਰਾ ਵੀ ਸ਼ਾਮਲ ਹੈ।

ਮੌਡਰਨਾ ਵਾਸਤੇ ਕਲੀਨਿਕੀ ਪਰਖਾਂ ਵਿੱਚ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕ ਸ਼ਾਮਲ ਨਹੀਂ ਸਨ, ਸਿਵਾਏ ਸਥਿਰ HIV ਵਾਲੇ ਲੋਕਾਂ ਦੇ ਇਕ ਛੋਟੇ ਜਿਹੇ ਸਮੂਹ ਦੇ। ਅਸੀਂ ਨਹੀਂ ਜਾਣਦੇ ਕਿ ਕੀ ਮੌਡਰਨਾ ਬਾਕੀ ਆਬਾਦੀ ਦੇ ਮੁਕਾਬਲੇ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਓਨਾ ਹੀ ਪ੍ਰਭਾਵਸ਼ਾਲੀ ਹੈ ਜਾਂ ਨਹੀਂ। ਇਹ ਸੰਭਵ ਹੈ ਕਿ ਮੌਡਰਨਾ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕਾਂ ਵਿੱਚ ਓਨਾ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ, ਜਿੰਨਾ ਆਮ ਆਬਾਦੀ ਵਿੱਚ ਹੈ। ਟੀਕਾਕਰਨ ਤੋਂ ਬਾਅਦ ਸਰੀਰਕ ਦੂਰੀ ਵਰਗੇ ਹੋਰ ਰੋਕਥਾਮ ਕਰਨ ਵਾਲੇ ਉਪਾਵਾਂ ਨੂੰ ਜਾਰੀ ਰੱਖਣਾ ਮਹੱਤਵਪੂਰਣ ਹੈ।

## ਉਹ ਔਰਤਾਂ ਜੋ ਗਰਭਵਤੀ ਹਨ ਜਾਂ ਛਾਤੀ ਦਾ ਦੁੱਧ ਚੁੰਘਾ ਰਹੀਆਂ ਹਨ

ਗਰਭਵਤੀ ਔਰਤਾਂ ਨੂੰ ਗਰਭ-ਅਵਸਥਾ ਦੇ ਕਿਸੇ ਵੀ ਪੜਾਅ ਉੱਤੇ ਅਤੇ ਕਿਸ਼ੋਰਾਂ ਨੂੰ ਬਕਾਇਦਾ ਤੌਰ 'ਤੇ mRNA-ਆਧਾਰਿਤ COVID-19 ਟੀਕਿਆਂ, ਫਾਈਜ਼ਰ ਜਾਂ ਮੋਡਰਨਾ ਵਿੱਚੋਂ ਇਕ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਹਾਨੂੰ ਟੀਕਾਕਰਨ ਵਿੱਚ ਦੇਰੀ ਕਰਨ ਜਾਂ ਟੀਕਾਕਰਨ ਤੋਂ ਬਾਅਦ ਗਰਭਵਤੀ ਹੋਣ ਤੋਂ ਬਚਣ ਦੀ ਲੋੜ ਨਹੀਂ ਹੈ।

COVID-19 ਦੀ ਬਿਮਾਰੀ ਵਾਲੀਆਂ ਗਰਭਵਤੀ ਔਰਤਾਂ ਨੂੰ ਗੰਭੀਰ ਬਿਮਾਰੀ ਅਤੇ ਗਰਭ-ਅਵਸਥਾ ਦੇ ਮਾੜੇ ਨਤੀਜਿਆਂ ਦਾ ਖਤਰਾ ਵਧ ਜਾਂਦਾ ਹੈ। ਅਸਲੀ ਸੰਸਾਰ ਦੇ ਸਬੂਤਾਂ ਨੇ ਦਿਖਾਇਆ ਹੈ ਕਿ ਮੋਡਰਨਾ ਗਰਭਵਤੀ ਔਰਤਾਂ ਅਤੇ ਛਾਤੀ ਦਾ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਸੁਰੱਖਿਅਤ ਹੈ। ਤੁਸੀਂ ਆਪਣੇ ਸਿਹਤ ਪੇਸ਼ੇਵਰ ਨਾਲ ਟੀਕਾਕਰਨ ਦੇ ਸਮੇਂ ਦੇ ਸਬੰਧ ਵਿੱਚ ਫੈਸਲੇ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹੋ।

ਜੇ ਤੁਸੀਂ ਛਾਤੀ ਦਾ ਦੁੱਧ ਚੁੰਘਾ ਰਹੇ ਹੋ, ਤਾਂ ਤੁਸੀਂ ਮੋਡਰਨਾ ਲਗਵਾ ਸਕਦੇ ਹੋ। ਟੀਕਾਕਰਨ ਤੋਂ ਬਾਅਦ ਤੁਹਾਨੂੰ ਛਾਤੀ ਦਾ ਦੁੱਧ ਚੁੰਘਾਉਣਾ ਬੰਦ ਕਰਨ ਦੀ ਲੋੜ ਨਹੀਂ ਹੈ।

## COVID-19 ਦੇ ਇਤਿਹਾਸ ਵਾਲੇ ਲੋਕ

ਜੇ ਤੁਹਾਨੂੰ ਪਹਿਲਾਂ ਵੀ COVID-19 ਹੋਇਆ ਹੈ, ਤਾਂ ਆਪਣੇ ਟੀਕਾਕਰਨ ਪ੍ਰਦਾਨ ਕਰਨ ਵਾਲੇ ਨੂੰ ਦੱਸੋ। ਤੁਹਾਡਾ ਪ੍ਰਦਾਨ ਕਰਨ ਵਾਲਾ, ਤੁਹਾਨੂੰ COVID-19 ਵੈਕਸੀਨ ਲੈਣ ਤੋਂ ਪਹਿਲਾਂ, ਮੁੜ-ਸਿਹਤਯਾਬੀ ਤੋਂ ਬਾਅਦ ਛੇ ਮਹੀਨਿਆਂ ਤੱਕ ਉਡੀਕ ਕਰਨ ਦੀ ਸਲਾਹ ਦੇ ਸਕਦਾ ਹੈ। ਜੇ ਤੁਹਾਨੂੰ COVID-19 ਤੋਂ ਚੱਲ ਰਹੀ ਬਿਮਾਰੀ ਹੈ, ਤਾਂ ਆਪਣੇ ਇਲਾਜ ਕਰਨ ਵਾਲੇ ਡਾਕਟਰ ਨਾਲ ਟੀਕਾਕਰਨ ਦੇ ਸਭ ਤੋਂ ਵਧੀਆ ਸਮੇਂ ਬਾਰੇ ਵਿਚਾਰ-ਵਟਾਂਦਰਾ ਕਰੋ।

## ਮੋਡਰਨਾ ਅਤੇ ਬੱਚੇ

ਮੋਡਰਨਾ ਨੂੰ ≥ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਵਰਤਣ ਲਈ ਆਰਜ਼ੀ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ, ਅਤੇ ਇਸ ਨੂੰ ਛੋਟੀ ਉਮਰ ਦੇ ਲੋਕਾਂ ਨੂੰ ਨਹੀਂ ਦਿੱਤਾ ਜਾ ਸਕਦਾ।

## ਮੋਡਰਨਾ ਦੀ ਸੁਰੱਖਿਆ ਨੂੰ ਯਕੀਨੀ ਬਨਾਉਣਾ

ਵੈਕਸੀਨ ਖੋਜ ਲਈ ਫੰਡਾਂ ਵਿੱਚ ਵਾਧੇ, ਅਤੇ ਖੋਜ ਅਧਿਐਨਾਂ ਲਈ ਬਹੁਤ ਵੱਡੀ ਗਿਣਤੀ ਵਿੱਚ ਵਲੰਟੀਅਰਾਂ ਤੱਕ ਪਹੁੰਚ ਕਰਕੇ ਮੋਡਰਨਾ ਅਤੇ ਹੋਰ COVID-19 ਟੀਕਿਆਂ ਨੂੰ ਤੇਜ਼ੀ ਨਾਲ ਵਿਕਸਤ ਕੀਤਾ ਗਿਆ ਹੈ। ਲਗਭਗ 30,000 ਲੋਕਾਂ ਨਾਲ ਜੁੜੇ ਇਕ ਵੱਡੇ ਕਲੀਨਿਕੀ ਪਰਖ ਨੇ ਮੋਡਰਨਾ ਨੂੰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੋਣ ਦੀ ਪੁਸ਼ਟੀ ਕੀਤੀ।

TGA ਆਸਟ੍ਰੇਲੀਆ ਵਿੱਚ ਸਾਰੇ ਟੀਕਿਆਂ ਦਾ ਮੁਲਾਂਕਣ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ, ਕਿਸੇ ਵੈਕਸੀਨ ਨੂੰ ਮਨਜ਼ੂਰ ਕੀਤੇ ਜਾਣ ਲਈ, ਇਹ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਬਹੁਤ ਉੱਚ-ਗੁਣਵੱਤਾ ਵਾਲੇ ਮਿਆਰ ਲਈ ਬਣਾਇਆ ਗਿਆ ਹੈ। COVID-19 ਟੀਕਿਆਂ ਦੀ ਮਨਜ਼ੂਰੀ ਲਈ ਪ੍ਰਕਿਰਿਆ ਦਾ ਵਰਣਨ TGA ਵੈੱਬਸਾਈਟ 'ਤੇ ਉਪਲਬਧ ਹੈ।

COVID-19 ਟੀਕਿਆਂ ਦੀ ਸੁਰੱਖਿਆ ਦੀ ਨਿਗਰਾਨੀ ਪੂਰੇ COVID-19 ਟੀਕਾਕਰਨ ਪ੍ਰੋਗਰਾਮ ਦੌਰਾਨ ਲਗਾਤਾਰ ਕੀਤੀ ਜਾਵੇਗੀ।

ਵੈਕਸਜ਼ੇਵਰੀਆ (ਐਸਟਰਾਜ਼ੈਨੇਕਾ) ਵੈਕਸੀਨ ਲਗਵਾਉਣ ਤੋਂ ਬਾਅਦ ਘੱਟ ਖੂਨ ਵਿੱਚ ਪਲੇਟਲੈੱਟਾਂ ਦੀ ਘੱਟ ਗਿਣਤੀ ਦੇ ਨਾਲ ਖੂਨ ਦੇ ਗਤਲੇ ਹੋਣ ਦੇ ਬਹੁਤ ਦੁਰਲੱਭ ਅਣਚਾਹੇ ਅਸਰ ਦੀਆਂ ਰਿਪੋਰਟਾਂ ਆਈਆਂ ਹਨ। ਐਸਟਰਾਜ਼ੈਨੇਕਾ ਵੈਕਸੀਨ, ਮੋਡਰਨਾ ਵੈਕਸੀਨ ਤੋਂ ਵੱਖਰੇ ਤਰੀਕੇ ਨਾਲ ਬਣਾਈ ਜਾਂਦੀ ਹੈ। ਇਸ ਸਮੱਸਿਆ ਨੂੰ ਮੋਡਰਨਾ COVID-19 ਵੈਕਸੀਨ ਨਾਲ ਜੋੜਨ ਦਾ ਕੋਈ ਸਬੂਤ ਨਹੀਂ ਹੈ।

ਤੁਸੀਂ ਆਪਣੇ ਟੀਕਾਕਰਨ ਪ੍ਰਦਾਨ ਕਰਨ ਵਾਲੇ ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨੂੰ ਸ਼ੱਕੀ ਅਣਚਾਹੇ ਅਸਰਾਂ ਦੀ ਰਿਪੋਰਟ ਕਰ ਸਕਦੇ ਹੋ। ਫਿਰ ਉਹ ਤੁਹਾਡੇ ਵੱਲੋਂ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਸਿਹਤ ਵਿਭਾਗ ਨੂੰ ਜਾਂ ਸਿੱਧੇ TGA ਨੂੰ ਇਕ ਰਸਮੀ ਰਿਪੋਰਟ ਕਰਨਗੇ।

ਜੇ ਤੁਸੀਂ ਇਸ ਦੀ ਖੁਦ ਰਿਪੋਰਟ ਕਰਨਾ ਪਸੰਦ ਕਰੋਗੇ, ਤਾਂ ਕਿਰਪਾ ਕਰਕੇ ਇਸ ਬਾਰੇ ਜਾਣਕਾਰੀ ਵਾਸਤੇ TGA ਵੈੱਬਸਾਈਟ 'ਤੇ ਜਾਓ, ਕਿ COVID-19 ਟੀਕਿਆਂ ਨਾਲ ਜੁੜੇ ਸ਼ੱਕੀ ਅਣਚਾਹੇ ਅਸਰਾਂ ਦੀ ਰਿਪੋਰਟ ਕਿਵੇਂ ਕਰਨੀ ਹੈ।